# ਕੈਥ ਦੀਆਂ ਚੋਟੀ ਦੀਆਂ ਰੁੱਖਾਂ ਦੀਆਂ ਚੋਣਾਂ

**ਔਟਮ ਬਰਿਲੀਐਂਸ ਸਰਵਿਸਬੈਰੀ (Autumn Brilliance Serviceberry)** – *ਅਮਲੇਨਚੀਅਰ ਗ੍ਰੈਂਡਿਫਲੋਰਾ 'ਔਟਮ ਬਰਿਲੀਐਂਸ' (Amelanchier grandiflora 'Autumn Brilliance')*



ਇਸ ਦੀਆਂ ਸ਼ਾਖਾਵਾਂ ਹਨ ਜੋ ਚਿੱਟੇ ਬਸੰਤ ਦੇ ਫੁੱਲਾਂ ਨਾਲ ਢਕੀਆਂ ਹਨ। ਇਸਦੇ ਛੋਟੇ, ਨੀਲੇ-ਹਰੇ ਪੱਤੇ, ਪਤਝੜ ਵਿੱਚ ਚਮਕਦਾਰ ਲਾਲ-ਸੰਤਰੀ ਹੋ ਜਾਂਦੇ ਹਨ, ਛੋਟੇ ਦਿਖਾਵਟੀ ਜਾਮਨੀ ਕਾਲੇ, ਮਿੱਠੇ ਖਾਣ ਵਾਲੇ ਫਲ ਦੇ ਵਾਧੂ ਬੋਨਸ ਦੇ ਨਾਲ। ਪੂਰੀ ਧੁੱਪ ਤੋਂ ਅੰਸ਼ਕ ਛਾਂ। ਇਸ ਨੂੰ ਸੂਚੀਬੱਧ ਹੋਰ ਰੁੱਖਾਂ ਨਾਲੋਂ ਵਧੇਰੇ ਪਾਣੀ ਦੀ ਜ਼ਰੂਰਤ ਹੋ ਸਕਦੀ ਹੈ।

ਅਕਾਰ: 20 ਫੁੱਟ ਉੱਚਾ ਅਤੇ 16 ਫੁੱਟ ਚੌੜਾ।

**ਸਨੋਬਰਡ ਹਾਥੋਰਨ (Snowbird Hawthorn)** – *ਕ੍ਰੇਟੇਗਸ x ਮੋਰਡੇਨੇਨਸਿਸ 'ਸਨੋਬਰਡ' (Crataegus x mordenensis 'Snowbird')*



ਇਸ ਵਿਚ ਸੁਗੰਧਿਤ, ਬਸੰਤ ਵਿੱਚ ਦੁਗਣੇ ਚਿੱਟੇ ਬਸੰਤ ਦੇ ਫੁੱਲ ਖਿੜਦੇ ਹਨ ਅਤੇ ਪਤਝੜ ਵਿਚ ਛੋਟੇ ਗੂੜ੍ਹੇ ਲਾਲ ਸਜਾਵਟੀ ਫਲ ਲਗਦੇ ਹਨ। ਇਹ ਚੰਗੀ ਨਿਕਾਸੀ ਵਾਲੀ ਮਿੱਟੀ ਅਤੇ ਪੂਰੀ ਧੁੱਪ ਪਸੰਦ ਕਰਦਾ ਹੈ।

ਅਕਾਰ: 20 ਫੁੱਟ ਉੱਚਾ ਅਤੇ 10 ਫੁੱਟ ਚੌੜਾ।

**ਯੂਅਰ ਪੇਅਰ (Ure pear)** – *ਪਾਇਰਸ ਐਕਸ ਯੁਸੂਰੈਂਸਿਸ 'ਯੂਅਰ' (ਜਿਸ ਨੂੰ ਯੁਸੂਰੀਅਨ ਪੇਅਰ ਵੀ ਕਿਹਾ ਜਾਂਦਾ ਹੈ) (pyrus x ussuriensis 'Ure' (also called Ussurian Pear))*



ਨਾਸ਼ਪਾਤੀਆਂ ਕੈਲਗਰੀ ਵਿਚ ਲਗਦੀਆਂ ਹਨ ਅਤੇ ਇਹ ਰੁੱਖ ਪ੍ਰਮਾਣ ਹੈ। ਇਹ ਛੋਟੇ ਪੀਲੇ ਫਲਾਂ ਵਾਲਾ ਸਭ ਤੋਂ ਸਖਤ ਨਾਸ਼ਪਾਤੀ ਦਾ ਰੁੱਖ ਹੈ। ਇਸ ਵਿਚ ਚਿੱਟੇ ਬਸੰਤ ਦੇ ਫੁੱਲ ਖਿੜਦੇ ਹਨ, ਲੰਬੇ ਕੰਡੇ ਹੁੰਦੇ ਹਨ ਅਤੇ ਚਮਕਦਾਰ ਹਰੇ ਰੰਗ ਦੇ ਪੱਤੇ ਜੋ ਪਤਝੜ ਵਿੱਚ ਸੰਤਰੀ ਹੋ ਜਾਂਦੇ ਹਨ, ਸਜਾਵਟੀ ਮੁੱਲ ਪ੍ਰਦਾਨ ਕਰਦੇ ਹਨ। ਪੂਰੀ ਧੁੱਪ ਵਿੱਚ ਲਗਾਓ।

ਅਕਾਰ: 20 ਫੁੱਟ ਉੱਚਾ ਅਤੇ 15 ਫੁੱਟ ਚੌੜਾ।

**'ਆਈਵਰੀ ਸਿਲਕ' ਟ੍ਰੀ ਲਾਇਲੈਕ ('Ivory Silk' Tree Lilac)** – *ਸਿਰੀਂਗਾ ਰੈਟਿਕੁਲਾਟਾ 'ਆਈਵਰੀ ਸਿਲਕ' (Syringa reticulata 'Ivory Silk')*



ਇਹ ਇਕ ਸੰਖੇਪ, ਅੰਡਾਕਾਰ ਸ਼ਕਲ ਵਾਲੀ ਲਾਇਲੈਕ ਦੀ ਇਕ ਗੈਰ-ਸਕਰਿੰਗ (non-suckering) ਕਿਸਮ ਹੈ ਜੋ ਵਿਲੱਖਣ ਰੁਚੀ ਦੀ ਪ੍ਰਦਾਨ ਕਰਦੀ ਹੈ। ਇਸਦੇ ਜੁਲਾਈ ਦੇ ਅਰੰਭ ਵਿੱਚ ਗੂੜ੍ਹੇ ਹਰੇ ਰੰਗ ਦੇ ਪੱਤਿਆਂ ਦੇ ਉੱਤੇ ਤਣੇ ਉੱਤੇ ਸੁੰਦਰ ਕਰੀਮੀ-ਚਿੱਟੇ ਖੁਸ਼ਬੂਦਾਰ ਫੁੱਲ ਖਿੜਦੇ ਹਨ। ਇਸ ਦੇ ਪੀਲੇ ਪਤਝੜ ਦੇ ਪੱਤੇ ਅਤੇ ਬਣਾਵਟ ਵਾਲੀ ਛਿੱਲ ਮੌਸਮੀ ਰੁਚੀ ਨੂੰ ਵਧਾਉਂਦੇ ਹਨ। ਇਹ ਪੂਰੀ ਧੁੱਪ ਵਿਚ ਵਧੀਆ ਕਰਦਾ ਹੈ।

ਅਕਾਰ: 20 ਫੁੱਟ ਉੱਚਾ ਅਤੇ 16 ਫੁੱਟ ਚੌੜਾ।

**ਸਾਇਬੇਰੀਅਨ ਲਾਰਚ (Siberian Larch)** – *ਲੈਰਿਕਸ ਸਿਬੀਰਿਕਾ (Larix sibirica)*



ਇਹ ਬਸੰਤ ਵਿਚ ਨਰਮ, ਹਰੀਆਂ ਸੂਈਆਂ ਦੇ ਸਮੂਹ ਦੇ ਨਾਲ ਇਕ ਅਨੋਖਾ ਰੁੱਖ ਹੈ ਜੋ ਪਤਝੜ ਵਿਚ ਗਿਰਨ ਤੋਂ ਪਹਿਲਾਂ ਸੁਨਹਿਰੀ ਪੀਲੀਆਂ ਹੋ ਜਾਂਦੀਆਂ ਹਨ। ਇਹ ਸਰਦੀਆਂ ਦੇ ਦੌਰਾਨ ਆਕਰਸ਼ਕ ਕੋਨ ਬਰਕਰਾਰ ਰੱਖਦਾ ਹੈ। ਧੁੱਪ ਤੋਂ ਅੰਸ਼ਕ ਛਾਂ ਵਿਚ ਲਗਾਓ।

ਅਕਾਰ: 20 ਫੁੱਟ ਉੱਚਾ ਅਤੇ 10 ਫੁੱਟ ਚੌੜਾ।

**ਅਮੂਰ ਚੈਰੀ (Amur Cherry)** – *ਪ੍ਰੂਨਸ ਮੈਕੀ (Prunus maackii)*



ਇਹ ਦਰੱਖਤ ਸ਼ਾਨਦਾਰ, ਚਿੱਟੇ ਬਸੰਤ ਦੇ ਫੁੱਲਾਂ ਦੇ ਨਾਲ ਸ਼ੁਰੂ ਕਰਕੇ ਅਤੇ ਫਿਰ ਪਤਝੜ ਵਿਚ ਛੋਟੀਆਂ ਕਾਲੀਆਂ ਚੈਰੀਆਂ ਦੇ ਨਾਲ ਦਿਲਚਸਪੀ ਪ੍ਰਦਾਨ ਕਰਦਾ ਹੈ। ਗਿਰਦੇ ਹੋਏ ਫੱਲ ਡੇਕ ਅਤੇ ਫੁੱਟਪਾਥ ਤੇ ਦਾਗ਼ ਲਗਾ ਸਕਦੇ ਹਨ। ਪਰਿਪੱਕ ਰੁੱਖਾਂ ਉੱਤੇ ਕਾਂਸੀ ਦੀ ਸੱਕ ਸਰਦੀਆਂ ਦੀ ਰੁਚੀ ਪ੍ਰਦਾਨ ਕਰਦੀ ਹੈ। ਪੂਰੀ ਧੁੱਪ ਵਿੱਚ ਲਗਾਓ।

ਅਕਾਰ: 20 ਫੁੱਟ ਉੱਚਾ ਅਤੇ 20 ਫੁੱਟ ਚੌੜਾ।

**ਸ਼ੋਈ ਮਾਉਂਟੇਨ ਐਸ਼ (Showy Mountain Ash)** – *ਸੋਰਬੈਸ ਡੈਕੋਰਾ (Sorbus decora)*



ਇਹ ਹੌਲੀ ਗਤੀ ਨਾਲ ਵੱਧਣ ਵਾਲਾ, ਸੰਘਣਾ, ਬਸੰਤ ਦੇ ਚਿੱਟੇ ਫੁੱਲਾਂ ਵਾਲੇ ਗੁੱਛਿਆਂ ਦੇ ਨਾਲ ਗੋਲ ਰੁੱਖ ਹੈ - ਪੰਛੀਆਂ ਨੂੰ ਆਕਰਸ਼ਤ ਕਰਨ ਲਈ ਬਹੁਤ ਵਧੀਆ ਹੈ। ਇਸ ਨੂੰ ਚੰਗੀ ਨਿਕਾਸੀ ਵਾਲੀ ਮਿੱਟੀ ਦੀ ਜ਼ਰੂਰਤ ਹੈ ਅਤੇ ਪੂਰੀ ਧੁੱਪ ਪਸੰਦ ਕਰਦਾ ਹੈ।

ਅਕਾਰ: 20 ਫੁੱਟ ਉੱਚਾ ਅਤੇ 16 ਫੁੱਟ ਚੌੜਾ।

**ਬ੍ਰਿਸਲਕੋਨ ਪਾਈਨ (Bristlecone Pine)** – *ਪਾਈਨਸ ਐਰਿਸਟਾਟਾ (Pinus aristata)*



ਇਹ ਅਸਾਧਾਰਣ ਰੂਪ ਨਾਲ ਬਹੁਤ ਲੰਬੇ ਸਮੇਂ ਤੱਕ ਰਹਿਣ ਵਾਲਾ ਰੁੱਖ ਹੈ ਜੋ ਉੱਤਰੀ ਅਮਰੀਕਾ ਦੇ ਖੇਤਰਾਂ ਦਾ ਮੂਲ ਨਿਵਾਸੀ ਹੈ। ਇਸ ਨੂੰ ਲਗਾਓ ਕਿਉਂਕਿ ਤੁਹਾਨੂੰ ਇਸ ਦੀ ਦਿਲਚਸਪ ਦਿੱਖ, ਹੌਲੀ ਵਿਕਾਸ ਅਤੇ ਸੋਕੇ ਪ੍ਰਤੀ ਸਹਿਣਸ਼ੀਲਤਾ ਪਸੰਦ ਹੈ। ਇਹ ਪੂਰੀ ਧੁੱਪ ਅਤੇ ਚੰਗੀ ਨਿਕਾਸੀ ਵਾਲੀ ਮਿੱਟੀ ਨੂੰ ਪਸੰਦ ਕਰਦਾ ਹੈ।

ਅਕਾਰ: 15 ਫੁੱਟ ਉੱਚਾ ਅਤੇ ਛੇ ਫੁੱਟ ਚੌੜਾ।

**ਰੋਸਥਰਨ ਕਰੈਬਐਪਲ (Rosthern crabapple)** – *ਮਾਲਸ ਬੈਕਾਟਾ 'ਰੋਸਥਰਨ' (Malus baccata 'Rosthern')*



ਇਹ ਇਕ ਪ੍ਰੇਰੀ ਮਜ਼ਬੂਤ ਸੌੜਾ, ਸਤੰਭੀ ਰੁੱਖ ਹੈ ਜੋ ਖੁਸ਼ਬੂਦਾਰ ਚਿੱਟੇ ਫੁੱਲ ਪੈਦਾ ਕਰਦਾ ਹੈ। ਨਵੇਂ ਪੱਤੇ ਹਲਕੇ ਪਿੱਤਲ ਰੰਗੇ ਹੁੰਦੇ ਹਨ ਅਤੇ ਫਿਰ ਹਰੇ ਹੋ ਜਾਂਦੇ ਹਨ। ਇਸ ਦਾ ਛੋਟਾ, ਪੀਲਾ ਫਲ ਪੰਛੀਆਂ ਨੂੰ ਆਕਰਸ਼ਤ ਕਰਦਾ ਹੈ। ਪੂਰੀ ਧੁੱਪ ਦਾ ਆਨੰਦ ਮਾਣਦਾ ਹੈ।

ਅਕਾਰ: 15 ਫੁੱਟ ਉੱਚਾ ਅਤੇ 6 ਫੁੱਟ ਚੌੜਾ।

**ਮੋਂਟਗੋਮਰੀ ਸਪ੍ਰਸ (Montgomery Spruce)** – *ਪਾਇਸੀਆ ਪੰਜੰਜ਼ 'ਮੋਂਟਗੋਮਰੀ' (Picea pungens 'Montgomery')*

ਇਸ ਸਪ੍ਰਸ ਦਾ ਸੁੰਦਰ ਚਮਕੀਲਾ-ਨੀਲਾ ਰੰਗ ਹੁੰਦਾ ਹੈ। ਇਸ ਦੀ ਸੰਘਣੀ ਗੋਲ ਆਕਾਰ ਇਸ ਦੇ ਪੱਕਣ ਦੇ ਨਾਲ ਲੰਬੀ ਹੋ ਜਾਂਦੀ ਹੈ। ਇਹ ਛੋਟੀ-ਜਗ੍ਹਾ ਵਾਲੀਆਂ ਲੈਂਡਸਕੇਪਾਂ ਲਈ ਇਕ ਵਧੀਆ ਵਿਕਲਪ ਹੈ। ਇਹ ਪੂਰੀ ਧੁੱਪ ਅਤੇ ਚੰਗੀ ਨਿਕਾਸੀ ਵਾਲੀ ਮਿੱਟੀ ਨੂੰ ਪਸੰਦ ਕਰਦਾ ਹੈ।

ਅਕਾਰ: 12 ਫੁੱਟ ਉੱਚਾ ਅਤੇ ਪੰਜ ਫੁੱਟ ਚੌੜਾ।

**ਸਹੀ ਫੁੱਲਾਂ, ਰੁੱਖਾਂ ਅਤੇ ਝਾੜੀਆਂ ਦੇ ਨਾਲ ਜੋੜ ਕੇ ਇਕ ਸ਼ਕਤੀਸ਼ਾਲੀ ਸੁੰਦਰਤਾ ਪੰਚ ਬਣਾਇਆ ਜਾ ਸਕਦਾ ਹੈ। ਅਜਿਹੇ ਪੌਦਿਆਂ ਅਤੇ ਝਾੜੀਆਂ ਬਾਰੇ ਕੁਝ ਵਧੀਆ ਸੁਝਾਵਾਂ ਲਈ ਸਾਡੇ ਪੈਰੇਨੀਅਲ ਬਰੋਸ਼ਰ ਨੂੰ ਵੇਖੋ ਜੋ ਇਕੱਠੇ ਵਧੀਆ ਲੱਗਦੇ ਹਨ।**

**calgary.ca/yardsmart 'ਤੇ ਜਾਓ।**

ਰੀਸਾਈਕਲ ਕੀਤੇ ਕਾਗਜ਼ 'ਤੇ ਛਾਪਿਆ ਗਿਆ। 2017-0200

Calgary

## ਯਾਰਡਸਮਾਰਟ

# ਰੁੱਖ ਅਤੇ ਝਾੜੀਆਂ

ਆਪਣੇ ਯਾਰਡ ਵਿਚ ਰੰਗ, ਬਣਤਰ ਅਤੇ ਦਿਲਚਸਪੀ ਸ਼ਾਮਲ ਕਰੋ ਅਤੇ ਕੈਲਗਰੀ ਵਿਚ ਪ੍ਰਫੁਲਤ ਹੋਣ ਵਾਲੇ ਰੁੱਖਾਂ ਅਤੇ ਝਾੜੀਆਂ ਨੂੰ ਜੋੜ ਕੇ ਪੰਛੀਆਂ ਅਤੇ ਮਧੂ ਮੱਖੀਆਂ ਨੂੰ ਆਕਰਸ਼ਤ ਕਰੋ।



ਨੈਨਕਿੰਗ ਚੈਰੀ (Nanking Cherry)

ਇਹਨਾਂ ਨਾਲ ਸਾਝੇਦਾਰੀ ਵਿੱਚ

CALGARY HORTICULTURAL SOCIETY



"ਰੁੱਖ ਅਤੇ ਝਾੜੀਆਂ ਇੰਨੇ ਰੰਗ, ਬਣਾਵਟ ਅਤੇ ਰੁਚੀ ਦੀ ਪੇਸ਼ਕਸ਼ ਕਰਦੇ ਹਨ ਅਤੇ ਪੰਛੀਆਂ ਅਤੇ ਮਧੂਮੱਖੀਆਂ ਨੂੰ ਆਕਰਸ਼ਤ ਕਰਦੇ ਹਨ।" - ਕੈਥ ਸਮਿਥ (Kath Smyth)

# ਕੈਥ ਦੀਆਂ ਚੋਟੀ ਦੀਆਂ ਰੁੱਖਾਂ ਅਤੇ ਝਾੜੀਆਂ ਦੀਆਂ ਚੋਣਾਂ

**ਪ੍ਰਮਾਣਿਤ ਬਾਗ਼ਬਾਨੀ ਮਾਹਰ ਅਤੇ ਪੰਜਵੀਂ ਪੀੜ੍ਹੀ ਦੀ ਐਲਬਰਟਨ, ਕੈਥ ਸਮਿੱਥ ਕੈਲਗਰੀ ਵਾਸੀਆਂ ਨੂੰ ਅਜਿਹੇ ਸੁੰਦਰ ਯਾਰਡ ਬਣਾਉਣ ਵਿਚ ਸਹਾਇਤਾ ਕਰਨ ਲਈ ਪੁਰਜੋਸ਼ ਹੈ ਜੋ ਬਟੂਏ ਦੇ ਨਾਲ ਨਾਲ ਵਾਤਾਵਰਣ ਵਿਚ ਵੀ ਸਹਿਜ ਹਨ। ਆਪਣੇ ਬਾਗਬਾਨੀ ਦੇ ਇਸ ਜਨੂੰਨ ਨੂੰ ਪ੍ਰੇਰਿਤ ਕਰਨ ਦਾ ਸਿਹਰਾ ਉਹ ਆਪਣੀ ਮਾਂ ਅਤੇ ਨਾਨੇ ਨੂੰ ਦਿੰਦੀ ਹੈ। "ਉਹ ਦੋਵੇਂ ਬਾਗ਼ਬਾਨੀ ਪਸੰਦ ਕਰਦੇ ਸਨ ਅਤੇ ਉਹਨਾਂ ਦੇ ਬਹੁਤ ਵਧੀਆ ਯਾਰਡ ਸਨ। ਉਨ੍ਹਾਂ ਨੂੰ ਵੇਖਦਿਆਂ, ਮੈਂ ਸਿੱਖਿਆ ਕਿ ਪ੍ਰੇਰੀਆਂ ਵਿੱਚ ਉਗਾਉਣ ਸਮੇਂ ਕਿਸ ਨੇ ਕੰਮ ਕੀਤਾ ਅਤੇ ਕਿਸ ਨੇ ਕੰਮ ਨਹੀਂ ਕੀਤਾ।"**

ਆਪਣੇ ਬਾਗਬਾਨੀ ਦੇ ਇਸ ਜਨੂੰਨ ਨੂੰ ਪ੍ਰੇਰਿਤ ਕਰਨ ਦਾ ਸਿਹਰਾ ਕੈਥ ਆਪਣੀ ਮਾਂ ਅਤੇ ਨਾਨੇ ਨੂੰ ਦਿੰਦੀ ਹੈ। ਉਹ ਦੋਵੇਂ ਬਾਗ਼ਬਾਨੀ ਪਸੰਦ ਕਰਦੇ ਸਨ ਅਤੇ ਉਹਨਾਂ ਦੇ ਬਹੁਤ ਵਧੀਆ ਯਾਰਡ ਸਨ।

**ਸਥਾਨਕ ਬਗੀਚਿਆਂ ਵਿੱਚ ਕੰਮ ਕਰਦੇ ਹੋਏ, ਕੈਥ ਨੇ ਆਪਣੇ ਮਨਪਸੰਦ ਰੁੱਖਾਂ ਅਤੇ ਝਾੜੀਆਂ ਦੀ ਪਛਾਣ ਕੀਤੀ, ਜੋ ਕੈਲਗਰੀ ਦੇ ਛੋਟੇ ਉਗਾਉਣ ਦੇ ਮੌਸਮ ਵਿੱਚ ਸੀਮਤ ਪਾਣੀ ਨਾਲ ਪ੍ਰਫੁੱਲਤ ਹੁੰਦੇ ਹਨ।**

**"ਰੁੱਖ ਅਤੇ ਝਾੜੀਆਂ ਇਕ ਯਾਰਡ ਵਿਚ ਬਹੁਤ ਕੁੱਝ ਜੋੜਦੇ ਹਨ। ਇਹ ਬਹੁਤ ਸਾਰਾ ਰੰਗ, ਬਣਾਵਟ ਅਤੇ ਰੁਚੀ ਦੀ ਪੇਸ਼ਕਸ਼ ਕਰਦੇ ਹਨ ਅਤੇ ਪੰਛੀਆਂ ਅਤੇ ਮਧੂਮੱਖੀਆਂ ਨੂੰ ਆਕਰਸ਼ਤ ਕਰਦੇ ਹਨ। ਰੁੱਖਾਂ ਅਤੇ ਝਾੜੀਆਂ ਬਾਰੇ ਲੋਕ ਜੋ ਜ਼ਿਆਦਾ ਪਸੰਦ ਕਰਦੇ ਹਨ ਉਹ ਇਹ ਹੈ ਕਿ ਇਹਨਾਂ ਨੂੰ ਆਮ ਤੌਰ ਤੇ ਲੌਨ, ਸਲਾਨਾ ਅਤੇ ਪੈਰੇਨਿਯਲਾਂ ਨਾਲੋਂ ਬਹੁਤ ਘੱਟ ਦੇਖਭਾਲ ਦੀ ਲੋੜ ਹੁੰਦ ਹੈ।"**

# ਕੈਥ ਦੀਆਂ ਚੋਟੀ ਦੀਆਂ ਝਾੜੀਆਂ ਦੀਆਂ ਚੋਣਾਂ

**ਡਾਇਬੋਲੋ ਨਾਈਨ ਬਾਰਕ (Diabolo Ninebark)** – *ਫਾਈਜ਼ੋਕਾਰਪਸ ਓਪਿਊਲੀਫੋਲੀਅਸ 'ਮੋਨਲੋ' (Physocarpus opulifolius 'Monlo')*



ਇਸ ਉੱਤਰੀ ਅਮਰੀਕਾ ਦੇ ਦੇਸੀ ਪੌਦੇ ਕੋਲ ਜਾਮਨੀ ਰੰਗ ਦੇ ਸੁੰਦਰ ਪੱਤੇ ਹੁੰਦੇ ਹਨ ਜੋ ਕਿ ਕਿਸੇ ਵੀ ਬਗੀਚੇ ਵਿਚ ਸ਼ਾਨਦਾਰ ਦਿਖਾਈ ਦਿੰਦੇ ਹਨ ਅਤੇ ਇਕ ਸ਼ਾਨਦਾਰ ਵਿਸ਼ਾਲ, ਗੈਰ ਰਸਮੀ ਹੇਜ ਬਣਾ ਸਕਦੇ ਹਨ। ਇਹ ਇਕ ਤੇਜ਼ੀ ਨਾਲ ਵੱਧਣ ਵਾਲੀ ਝਾੜੀ ਹੈ ਜੋ ਗਰਮੀ, ਸੋਕੇ ਅਤੇ ਸਰਦੀਆਂ ਦੀ ਠੰਡ ਦਾ ਸਾਹਮਣਾ ਕਰਦੀ ਹੈ। ਗਰਮੀ ਦੇ ਸ਼ੁਰੂ ਵਿੱਚ ਚਿੱਟੇ ਫੁੱਲਾਂ ਦੇ ਸਮੂਹ ਤਿਤਲੀਆਂ ਨੂੰ ਆਕਰਸ਼ਤ ਕਰਦੇ ਹਨ। ਸਰਦੀਆਂ ਵਿੱਚ, ਉਤਰਦੀ ਹੋਈ ਛਿੱਲ ਆਕਰਸ਼ਕ ਹੁੰਦੀ ਹੈ। ਆਮ ਤੌਰ ਤੇ ਇਸਨੂੰ ਹਿਰਨ ਅਤੇ ਖਰਗੋਸ਼ ਦੁਆਰਾ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਪੂਰੀ ਧੁੱਪ ਤੋਂ ਅੰਸ਼ਕ ਛਾਂ ਵਿਚ ਲਗਾਓ।

ਅਕਾਰ: ਅੱਠ ਫੁੱਟ ਲੰਬਾ ਅਤੇ ਅੱਠ ਫੁੱਟ ਚੌੜਾ।

**ਰੈਡ ਲੀਫ਼ ਰੋਜ਼ (Red Leaf Rose)** – *ਰੋਜ਼ਾ ਗਲਾਉਕਾ (Rosa glauca)*



ਇਸ ਝਾੜੀ ਦਾ ਮੁੱਖ ਆਕਰਸ਼ਣ ਇਸਦਾ ਸੁੰਦਰ ਸਲੇਟੀ-ਜਾਮਨੀ ਪੱਤੇ ਹੁੰਦੇ ਹਨ। ਇਹ ਬਸੰਤ ਵਿੱਚ ਦੇਰ ਨਾਲ ਕੁਝ ਹਫ਼ਤਿਆਂ ਲਈ ਦਿਖਾਈ ਦੇਣ ਵਾਲੇ ਗੁਲਾਬੀ ਫੁੱਲ ਪ੍ਰਦਾਨ ਕਰਦਾ ਹੈ ਅਤੇ ਬਾਅਦ ਵਿਚ ਇਸ ਤੇ ਲਾਲ-ਹਰੀਆਂ ਸ਼ਾਖਾਵਾਂ 'ਤੇ ਸੁੰਦਰ ਸੰਤਰੀ-ਲਾਲ ਕੁੱਲ੍ਹੇ ਹੁੰਦੇ ਹਨ ਜੋ ਪੰਛੀਆਂ ਨੂੰ ਆਕਰਸ਼ਤ ਕਰਦੇ ਹਨ। ਇਹ ਪੂਰੀ ਧੁੱਪ ਦਾ ਅਨੰਦ ਲੈਂਦਾ ਹੈ, ਪਰ ਅੰਸ਼ਕ ਛਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰੇਗਾ ਜਿੱਥੇ ਇਸਦੇ ਪੱਤੇ ਵਧੇਰੇ ਸਿਲਵਰ, ਸਲੇਟੀ-ਹਰੇ ਰੰਗ ਵਿਕਸਤ ਕਰਦੇ ਹਨ।

ਆਕਾਰ: ਛੇ ਫੁੱਟ ਲੰਬਾ ਅਤੇ ਪੰਜ ਫੁੱਟ ਚੌੜਾ।

**ਰੋਜ਼ ਗਲੋ' ਬਾਰਬੇਰੀ ('Rose Glow' Barberry)** – *ਬਰਬੇਰਿਸ ਥੰਬਰਗੀ 'ਰੋਜ਼ ਗਲੋ' (Berberis thunbergii 'Rose Glow')*



ਇਸ ਝਾੜੀ ਵਿੱਚ ਜਾਮਨੀ ਪੱਤੇ ਹੁੰਦੇ ਹਨ ਜਿਸ ਵਿੱਚ ਗੁਲਾਬੀ ਅਤੇ ਚਿੱਟੇ ਰੰਗ ਦੇ ਫੁੱਲ ਉਦਾਰਤਾ ਨਾਲ ਖਿੰਡੇ ਹੁੰਦੇ ਹਨ। ਪਤਝੜ ਵਿਚ, ਪੱਤੇ ਲਾਲ-ਸੰਤਰੀ ਹੋ ਜਾਂਦੇ ਹਨ, ਅਤੇ ਲਾਲ ਬੇਰੀਆਂ ਦੇ ਸਪਾਈਕ ਪੱਤੇ ਡਿੱਗਣ ਨਾਲ ਹਾਈਲਾਈਟਸ ਵਰਗੇ ਦਿਖਾਈ ਦਿੰਦੇ ਹਨ। ਇਹ ਇੱਕ ਚੰਗਾ ਹੇਜ ਜਾਂ ਰੁਕਾਵਟ (ਬਹੁਤ ਕੰਡਿਆਲੀ) ਬਣਾਉਂਦਾ ਹੈ। ਇਹ ਪੂਰੀ ਧੁੱਪ ਦਾ ਅਨੰਦ ਲੈਂਦਾ ਹੈ ਅਤੇ ਸੋਕੇ ਪ੍ਰਤੀ ਸਹਿਣਸ਼ੀਲ ਅਤੇ ਹਿਰਨ ਪ੍ਰਤੀਰੋਧੀ ਹੁੰਦਾ ਹੈ।

ਅਕਾਰ: ਪੰਜ ਫੁੱਟ ਲੰਬਾ ਅਤੇ ਚਾਰ ਫੁੱਟ ਚੌੜਾ।

**ਆਈਵਰੀ ਹੇਲੋ ਡੋਗਵੁੱਡ (Ivory Halo Dogwood)** – *ਕੌਰਨਸ ਐਲਬਾ 'ਬੇਲਹੇਲੋ' (Cornus alba 'Bailhalo')*



ਇਹ ਗੋਲ ਝਾੜੀ ਸਾਲ-ਭਰ ਦੀ ਵਧੀਆ ਦਿਲਚਸਪੀ ਪ੍ਰਦਾਨ ਕਰਦੀ ਹੈ। ਇਸ ਵਿਚ ਵੱਖਰੇ ਹਰਿ ਅਤੇ ਚਿੱਟੇ ਰੰਗ ਦੇ ਫੁੱਲਾਂ ਦੇ ਨਾਲ-ਨਾਲ ਬਸੰਤ ਵਿਚ ਪੀਲੇ ਰੰਗ ਦੇ ਫੁੱਲਾਂ ਦੇ ਬਾਅਦ ਨੀਲੇ-ਸਲੇਟੀ ਸਜਾਵਟੀ ਬੇਰੀਆਂ ਹੁੰਦੀਆਂ ਹਨ। ਪਤਝੜ ਵਿਚ, ਪੱਤਿਆਂ ਦਾ ਰੰਗ ਬੈਂਗਣੀ-ਲਾਲ ਹੋ ਜਾਂਦਾ ਹੈ, ਅਤੇ ਫਿਰ ਸਰਦੀਆਂ ਵਿਚ ਲਾਲ ਰੰਗ ਦੀਆਂ ਟਹਿਣੀਆਂ ਨਿਕਲਦੀਆਂ ਹਨ। ਯੁਵਾ ਤਣਿਆਂ ਵਿੱਚ ਸਭ ਤੋਂ ਵਧੀਆ ਰੰਗ ਹੁੰਦਾ ਹੈ; ਹਰ ਤਿੰਨ ਸਾਲਾਂ ਵਿੱਚ ਪੁਰਾਣੇ ਤਣਿਆਂ ਨੂੰ ਬਾਹਰ ਕੱਢਣਾ ਇਸ ਝਾੜੀ ਨੂੰ ਸਜੀਵ ਬਣਾਉਂਦਾ ਹੈ। ਪੂਰੀ ਧੁੱਪ ਤੋਂ ਅੰਸ਼ਕ ਛਾਂ ਵਿਚ ਲਗਾਓ।

ਅਕਾਰ: ਪੰਜ ਫੁੱਟ ਲੰਬਾ ਅਤੇ ਪੰਜ ਫੁੱਟ ਚੌੜਾ।

**ਡਵਾਰਫ ਕੋਰੀਅਨ ਲਾਇਲੈਕ (Dwarf Korean Lilac)** – *ਸਿਰਿੰਗਾ ਮੇਯੇਰੀ 'ਪਾਲਿਬਿਨ' (Syringa meyeri 'Palibin')*



ਇਹ ਇਕ ਕੌਮਪੈਕਟ ਲਾਇਲੈਕ ਹੈ ਜੋ ਛੋਟੀਆਂ ਥਾਂਵਾਂ ਅਤੇ ਹੇਜਾਂ ਲਈ ਵਧੀਆ ਹੈ। ਪੂਰੀ ਧੁੱਪ ਤੋਂ ਅੰਸ਼ਕ ਛਾਂ ਵਿਚ ਲਗਾਓ।

ਅਕਾਰ: ਚਾਰ ਫੁੱਟ ਲੰਬਾ ਅਤੇ ਚਾਰ ਫੁੱਟ ਚੌੜਾ।

**ਗੋਲਡਫਲੇਮ ਸਪਾਈਰੀਆ (Goldflame Spirea)** – *ਸਪਾਈਰੀਆ x ਬੁਮੇਲਡਾ 'ਗੋਲਡਫਲੇਮ' (Spirea x bumalda 'Goldflame')*



ਇਹ ਚੰਗੇ ਕਾਰਨ ਕਰਕੇ ਇੱਕ ਪ੍ਰਸਿੱਧ ਝਾੜੀ ਹੈ। ਇਸਦਾ ਸ਼ਾਨਦਾਰ ਗੋਲ ਅਕਾਰ ਹੁੰਦਾ ਹੈ। ਇਸ ਦੇ ਪੱਤੇ ਅਤੇ ਫੁੱਲ ਵਧਣ ਦੇ ਮੌਸਮ ਵਿਚ ਕਈ ਕਿਸਮ ਦੇ ਰੰਗ ਪ੍ਰਦਾਨ ਕਰਦੇ ਹਨ। ਜੁਵਾ ਤਣਿਆਂ ਵਿੱਚ ਸਭ ਤੋਂ ਵਧੀਆ ਰੰਗ ਹੁੰਦਾ ਹੈ; ਹਰ ਦੋ ਸਾਲਾਂ ਵਿੱਚ ਸਭ ਤੋਂ ਪੁਰਾਣੇ ਤਣਿਆਂ ਨੂੰ ਬਾਹਰ ਕੱਢੋ। ਪੂਰੀ ਧੁੱਪ ਤੋਂ ਅੰਸ਼ਕ ਛਾਂ ਵਿਚ ਲਗਾਓ।

ਅਕਾਰ: ਤਿੰਨ ਫੁੱਟ ਲੰਬਾ ਅਤੇ ਤਿੰਨ ਫੁੱਟ ਚੌੜਾ।

**ਤੁਰਕਸਤਾਨ ਬਰਨਿੰਗ ਬੁਸ਼ (Turkestan Burning Bush)** – *ਯੁਓਨਿਮਸ ਨੈਨਾ 'ਤੁਰਕੈਸਟੈਨਿਕਾ' (Euonymus nana 'Turkestanica')*



ਬਸੰਤ ਰੁੱਤ ਵਿਚ ਛੋਟੇ, ਪੀਲੇ ਫੁੱਲ ਪੋਲੀਨੇਟਰਾਂ ਨੂੰ ਆਕਰਸ਼ਤ ਕਰਦੇ ਹਨ। ਹਰੇ ਪੱਤੇ ਪਤਝੜ ਵਿੱਚ ਚਮਕਦਾਰ ਲਾਲ ਹੋ ਜਾਂਦੇ ਹਨ ਅਤੇ ਛਿੱਲ ਸਰਦੀਆਂ ਦੀ ਸ਼ਾਨਦਾਰ ਰੁਚੀ ਪ੍ਰਦਾਨ ਕਰਦੀ ਹੈ। ਇਹ ਪੂਰੀ ਧੁੱਪ ਦਾ ਆਨੰਦ ਮਾਣਦਾ ਹੈ।

ਅਕਾਰ: ਚਾਰ ਫੁੱਟ ਲੰਬਾ ਅਤੇ ਚਾਰ ਫੁੱਟ ਚੌੜਾ।

**ਕਲੇਵੀਜ਼ ਡਵਾਰਫ ਹਨੀਸਕਲ (Clavey's Dwarf Honeysuckle)** – *ਲੋਨੀਸੇਰਾ x ਜ਼ਾਇਲੋਸਟਿਓਆਈਡੇਸ 'ਕਲਾਵੇਈ' (Lonicera x xylosteoides 'Claveyi')*



ਲੋਕ ਇਸ ਗੇਂਦ-ਆਕਾਰ ਦੇ ਝਾੜੀ ਨੂੰ ਪਸੰਦ ਕਰਦੇ ਹਨ। ਇਹ ਲਾਲ ਬੇਰੀਆਂ ਰੋਬਿਨਜ਼ ਲਈ ਇੱਕ ਸ਼ਾਨਦਾਰ ਭੋਜਨ ਸਰੋਤ ਹਨ। ਇਸ ਵਿੱਚ ਕਰੀਮੀ ਚਿੱਟੇ ਫੁੱਲਾਂ ਨਾਲ ਸਲੇਟੀ-ਹਰੇ ਪੱਤਿਆਂ ਦੇ ਨਾਲ ਇੱਕ ਕੌਮਪੈਕਟ, ਗੋਲ ਰੂਪ ਹੁੰਦਾ ਹੈ ਜੋ ਪੋਲੀਨੇਟਰਾਂ ਨੂੰ ਆਕਰਸ਼ਿਤ ਕਰਦੇ ਹਨ। ਇਸ ਨੂੰ ਅੰਸ਼ਕ ਛਾਂ ਜਾਂ ਛਾਂ ਵਿਚ ਲਗਾਓ।

ਅਕਾਰ: ਚਾਰ ਫੁੱਟ ਲੰਬਾ ਅਤੇ ਚਾਰ ਫੁੱਟ ਚੌੜਾ।

**ਸਸਕੈਟੂਨ ਬੇਰੀ (Saskatoon Berry)** – *ਅਮਲੇਨਚੀਅਰ ਅਲਨੀਫੋਲੀਆ (Amelanchier alnifolia)*



ਇਹ ਪ੍ਰੇਰੀ ਕਲਾਸਿਕ ਚਿੱਟੇ ਬਸੰਤ ਦੇ ਫੁੱਲਾਂ ਦੇ ਨਾਲ ਇੱਕ ਸਿੱਧੀ ਝਾੜੀ ਹੈ। ਇਹ ਬਹੁਤ ਵਧੀਆ ਮਿੱਠੇ ਫਲ ਅਤੇ ਸੰਤਰੀ ਪਤਝੜ ਦੇ ਪੱਤੇ ਪੈਦਾ ਕਰਦਾ ਹੈ। ਇਹ ਝਾੜੀ ਪੂਰੀ ਧੁੱਪ ਵਿਚ ਵਧੇਰੇ ਬੈਰੀਆਂ ਪੈਦਾ ਕਰਦੀ ਹੈ ਪਰ ਇਹ ਅੰਸ਼ਕ ਛਾਂ ਵਿਚ ਵੀ ਵਧ ਸਕਦੀ ਹੈ। ਸਰਬੋਤਮ ਕਿਸਮਾਂ ਵਿੱਚ 'ਹਨੀਵੁੱਡ' (Honeywood), 'ਮਾਰਟਿਨ' (Martin), 'ਨੌਰਥਲਾਈਨ' (Northline), 'ਸਮੋਕੀ' (Smoky) ਅਤੇ 'ਥੀਸਨ' (Thiessen) ਸ਼ਾਮਲ ਹਨ।

ਅਕਾਰ: ਅੱਠ ਫੁੱਟ ਲੰਬਾ ਅਤੇ ਛੇ ਫੁੱਟ ਚੌੜਾ।

**ਗੋਲਡਫਿੰਗਰ ਪੋਟਨਟੀਲਾ (Goldfinger Potentilla)** – *ਪੋਟਨਟੀਲਾ ਫਰੂਟੀਕੋਸਾ 'ਗੋਲਡਫਿੰਗਰ' (Potentilla fruticosa 'Goldfinger')*



ਇਹ ਇੱਕ ਕਲਾਸਿਕ ਝਾੜੀ ਹੈ ਜੋ ਪੂਰੀਆਂ ਗਰਮੀਆਂ ਦੇ ਦੌਰਾਨ ਪੀਲੇ ਫੁੱਲ ਪ੍ਰਦਾਨ ਕਰਦੀ ਹੈ। ਇਹ ਚੰਗੀ ਨਿਕਾਸੀ ਵਾਲੀ ਮਿੱਟੀ ਨੂੰ ਤਰਜੀਹ ਦਿੰਦੀ ਹੈ ਅਤੇ ਪੂਰੀ ਧੁੱਪ ਜਾਂ ਅੰਸ਼ਕ ਛਾਂ ਵਿੱਚ ਚੰਗੀ ਤਰ੍ਹਾਂ ਉਗਦਾ ਹੈ।

ਅਕਾਰ: ਪੰਜ ਫੁੱਟ ਉੱਚਾ ਅਤੇ ਤਿੰਨ ਫੁੱਟ ਚੌੜਾ।

**ਸੈਵਿਨ ਜੁਨੀਪਰ (Savin Juniper)** – *ਜੁਨੀਪੇਰਸ ਸਬੀਨਾ (Juniperus sabina)*



ਇਹ ਇੱਕ ਫੁੱਲਦਾਨ ਦੇ ਆਕਾਰ ਦਾ ਸਿੱਧਾ ਜੂਨੀਪਰ ਵਿਕਲਪ ਹੈ, ਫੈਲੀਆਂ ਹੋਈਆਂ ਗੂੜੇ ਹਰੇ ਪੱਤਿਆਂ ਦੀਆਂ ਸ਼ਾਖਾਵਾਂ ਦੇ ਨਾਲ। ਇਹ ਹੇਜਾਂ ਲਈ ਵਧੀਆ ਹੈ। ਇਹ ਹਵਾ ਦੇ ਪ੍ਰਤੀ ਸਹਿਣਸ਼ੀਲ ਹੈ ਅਤੇ ਚੰਗੀ ਨਿਕਾਸੀ ਵਾਲੀ ਮਿੱਟੀ ਨੂੰ ਪਸੰਦ ਕਰਦਾ ਹੈ।

ਅਕਾਰ: ਤਿੰਨ ਫੁੱਟ ਲੰਬਾ ਅਤੇ ਚਾਰ ਫੁੱਟ ਚੌੜਾ।

**ਨੈਨਕਿੰਗ ਚੈਰੀ (Nanking Cherry)** – *ਪ੍ਰੂਨਸ ਟੋਮੈਂਟੋਸਾ (Prunus tomentosa)*



ਇਹ ਬਸੰਤ ਰੁੱਤ ਵਿੱਚ ਇੱਕ ਹਰਸ਼ ਹੈ ਜਦੋਂ ਇਸ ਦੀਆਂ ਟਹਿਣੀਆਂ ਤੇ ਹਲਕੇ ਗੁਲਾਬੀ ਤੋਂ ਚਿੱਟੇ ਫੁੱਲ ਖਿੜਦੇ ਹਨ। ਇਸ ਵਿੱਚ ਗਰਮੀਆਂ ਵਿੱਚ ਦੇਰੀ ਨਾਲ ਛੋਟੀਆਂ, ਮਿੱਠੀਆਂ-ਟਾਰਟ ਲਾਲ ਚੈਰੀਆਂ (ਪ੍ਰਿਜ਼ਰਵਜ਼ ਲਈ ਇਸਤੇਮਾਲ ਹੋਣ ਵਾਲੀਆਂ) ਨਿਕਲਦੀਆਂ ਹਨ। ਇਹ ਚੰਗੀ ਨਿਕਾਸੀ ਵਾਲੀ ਮਿੱਟੀ ਅਤੇ ਪੂਰੀ ਧੁੱਪ ਪਸੰਦ ਕਰਦਾ ਹੈ। ਇਹ ਤੁਹਾਡੇ ਬਗੀਚੇ ਵਿਚ ਇਕੱਲੀ ਖੜੀ ਝਾੜੀ ਵਾਂਗ ਵਧੀਆ ਲਗਦਾ ਹੈ।

ਅਕਾਰ: ਛੇ ਫੁੱਟ ਉੱਚਾ ਅਤੇ ਛੇ ਫੁੱਟ ਚੌੜਾ।

**ਸੇਮ ਫਾਲਸ ਸਪਾਈਰੀਆ (Sem False Spirea)** – *ਸੋਰਬੈਰੀਆ ਸਰਬੀਫੋਲੀਆ 'ਸੇਮ' (Sorbaria sorbifolia 'Sem')*



ਇਹ ਬਸੰਤ ਰੁੱਤ ਵਿੱਚ ਕਾਂਸੀ ਦੇ ਫਰਨ ਵਰਗੇ ਪੱਤਿਆਂ ਤੇ ਗੁਲਾਬੀ ਰੰਗ ਦੀਆਂ ਧਾਰੀਆਂ ਵਾਲੀ ਸੰਘਣੀ ਝਾੜੀ ਹੈ ਅਤੇ ਗਰਮੀਆਂ ਵਿੱਚ ਪ੍ਰਭਾਵਸ਼ਾਲੀ ਚਿੱਟੇ ਖੰਭਾਂ ਵਾਲੇ ਫੁੱਲਾਂ ਦਾ ਬੂਟਾ ਹੈ। ਇਸ ਦੇ ਪਤਝੜ ਦੇ ਪੱਤੇ ਚਮਕਦਾਰ ਲਾਲ ਅਤੇ ਸੰਤਰੀ ਰੰਗ ਦੇ ਹੁੰਦੇ ਹਨ। ਪੂਰੀ ਧੁੱਪ ਤੋਂ ਅੰਸ਼ਕ ਛਾਂ ਵਿਚ ਲਗਾਓ।

ਅਕਾਰ: ਚਾਰ ਫੁੱਟ ਲੰਬਾ ਅਤੇ ਚਾਰ ਫੁੱਟ ਚੌੜਾ।

**ਵਾਟਰਟਨ ਮੌਕ ਔਰੈਂਜ (Waterton Mock Orange)** – *ਫਿਲਾਡੇਲਫਸ ਲੁਈਸੀ 'ਵਾਟਰਟਨ' (Philadelphus lewisii 'Waterton')*



ਇਹ ਆਰਚ ਹੋਈਆਂ ਸ਼ਾਖਾਵਾਂ ਦੇ ਨਾਲ ਸਿੱਧੀ ਦੇਸੀ ਝਾੜੀ ਹੈ ਜੋ ਜੂਨ ਵਿੱਚ ਹੈਰਾਨਕੁਨ ਹੁੰਦੀ ਹੈ ਜਦੋਂ ਉਹ ਇੱਕਲੇ, ਚਿੱਟੇ ਖੁਸ਼ਬੂਦਾਰ ਫੁੱਲਾਂ ਨਾਲ ਢੱਕੀ ਹੁੰਦੀ ਹੈ। ਇਹ ਸੋਕੇ ਅਤੇ ਛਾਂ ਸਮੇਤ ਕਈ ਤਰਾਂ ਦੀਆਂ ਸਥਿਤੀਆਂ ਨੂੰ ਸਹਿਣ ਕਰਦਾ ਹੈ।

ਅਕਾਰ: ਛੇ ਫੁੱਟ ਉੱਚਾ ਅਤੇ ਪੰਜ ਫੁੱਟ ਚੌੜਾ।

**ਬਰਡਜ਼ ਨੈਸਟ ਸਪਰੂਸ (Bird's Nest Spruce)** – *ਪਾਈਸੀਆ ਅਬਿਜ਼ ਨੀਡੀਫਾਰਮਿਸ (Picea abies nidiformis)*



ਇਹ ਛੋਟੀਆਂ, ਸੰਘਣੀਆਂ, ਚਮਕਦਾਰ ਹਰੀਆਂ ਸੂਈਆਂ ਦੀਆਂ ਪਰਤਾਂ ਵਾਲਾ ਸ਼ਾਖਾਵਾਂ ਵਾਲਾ ਇਕ ਅਨੋਖਾ ਐਕਸੈਂਟ ਪੌਦਾ ਹੈ। ਇਸ ਦਾ ਸਾਫ, ਕੌਮਪੈਕਟ, ਘੱਟ ਰੱਖ-ਰਖਾਅ ਵਾਲਾ ਰੂਪ ਹੈ ਅਤੇ ਇਸ ਨੂੰ ਚੰਗੀ ਨਿਕਾਸੀ ਵਾਲੀ ਮਿੱਟੀ ਦੀ ਜ਼ਰੂਰਤ ਹੁੰਦੀ ਹੈ। ਇਹ ਨਮਕ ਅਤੇ ਪ੍ਰਦੂਸ਼ਣ ਨੂੰ ਸਹਿਣ ਕਰਦਾ ਹੈ ਅਤੇ ਪੂਰੀ ਧੁੱਪ ਜਾਂ ਅੰਸ਼ਕ ਛਾਂ ਪਸੰਦ ਕਰਦਾ ਹੈ।

ਅਕਾਰ: ਤਿੰਨ ਫੁੱਟ ਲੰਬਾ ਅਤੇ ਤਿੰਨ ਫੁੱਟ ਚੌੜਾ।

**ਕੈਲਗਰੀ® ਕਾਰਪੇਟ ਜੁਨੀਪਰ (Calgary® Carpet Juniper)** – *ਜੁਨੀਪੇਰਸ ਸਬਿਨਾ 'ਮੋਨਾ' (Juniperus sabina 'Monna')*



ਇਹ ਜੂਨੀਪਰ ਇੱਕ ਸ਼ਾਨਦਾਰ ਜਮੀਨ ਨੂੰ ਢਕਣ ਵਾਲਾ ਪੌਦਾ ਹੈ, ਜੋ ਘੱਟ ਫੈਲਣ ਵਾਲਾ, ਨਰਮ ਬਣਾਵਟ ਵਾਲੇ ਹਰੇ ਪੱਤਿਆਂ ਦੀਆਂ ਪਰਤਾਂ ਵਾਲੀਆਂ ਸ਼ਾਖਾਵਾਂ ਪ੍ਰਦਾਨ ਕਰਦਾ ਹੈ। ਇਹ ਪੂਰਨ ਧੁੱਪ ਨੂੰ ਤਰਜੀਹ ਦਿੰਦਾ ਹੈ ਅਤੇ ਇੱਕ ਵਾਰ ਸਥਾਪਤ ਹੋਣ ਤੋਂ ਬਾਅਦ ਹਵਾ ਅਤੇ ਸੋਕੇ ਪ੍ਰਤੀ ਸਹਿਣਸ਼ੀਲ ਹੁੰਦਾ ਹੈ। ਇਸਦੀ ਢਲਾਨਾਂ ਦੇ ਲਈ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਜੇ ਤੁਹਾਨੂੰ ਆਪਣੇ ਯਾਰਡ ਵਿਚ ਖੁਰਣ ਨੂੰ ਨਿਯੰਤਰਿਤ ਕਰਨ ਦੀ ਜ਼ਰੂਰਤ ਹੈ।

ਅਕਾਰ: ਇੱਕ ਫੁੱਟ ਉੱਚਾ ਅਤੇ ਪੰਜ ਫੁੱਟ ਚੌੜਾ।

**ਬਫਲੋ ਜੂਨੀਪਰ (Buffalo Juniper)** – *ਜੁਨੀਪੇਰਸ ਸਬੀਨਾ 'ਬਫਲੋ' (Juniperus sabina 'Buffalo')*



ਇਸ ਵਿਚ ਚਮਕਦਾਰ ਹਰੇ ਰੰਗ ਦੇ ਖੰਭਾਂ ਦੇ ਸਮਾਨ ਛੋਟੀਆਂ ਫੈਲੀਆਂ ਹੋਈਆਂ ਸ਼ਾਖਾਵਾਂ ਹਨ। ਇਹ ਮਿੱਟੀ ਦੇ ਮਾੜੇ ਹਾਲਾਤਾਂ ਨੂੰ ਸਹਿਣ ਕਰਦਾ ਹੈ, ਪਰ ਇਹ ਚੰਗੀ ਤਰ੍ਹਾਂ ਨਿਕਾਸੀ ਵਾਲੀ ਜਗ੍ਹਾ ਤੇ ਹੋਣਾ ਚਾਹੀਦਾ ਹੈ। ਇੱਕ ਵਾਰ ਸਥਾਪਿਤ ਹੋਣ ਤੋਂ ਬਾਅਦ ਇਹ ਸੋਕੇ ਦੇ ਪ੍ਰਤੀ ਸਹਿਣਸ਼ੀਲ ਹੈ।

ਅਕਾਰ: ਇੱਕ ਫੁੱਟ ਉੱਚਾ ਅਤੇ ਪੰਜ ਫੁੱਟ ਚੌੜਾ।